
UGC Approved


ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਜਨਵਰੀ-ਮਾਰਚ 2024





RNI : JKPUN/2002/6333 UGC Care List ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

*(A Creative Journey of Human Values)*

ਸਾਲ : 23 ਅੰਕ : 1 - 3 ਜਨਵਰੀ-ਮਾਰਚ 2024

ਬਾਨੀ : ਸ. ਗੁਰਮੁਖ ਸਿੰਘ

**ਸੰਪਾਦਕ**
ਬਲਜੀਤ ਸਿੰਘ ਰੈਨਾ
ਮੋਬਾ : 9797657211

**ਸੰਪਾਦਕ ਮੰਡਲ**
ਡਾ. ਮੋਨੋਜੀਤ
ਮੋਬਾ : 9419139906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 9596652796
ਜੰਗ ਐਸ. ਵਰਮਨ
ਮੋਬਾ : 9419210834

**ਸਹਾਇਕ ਸੰਪਾਦਕ**
ਡਾ. ਮਮਤਾ
ਮੋਬਾ : 9289287778
ਡਾ. ਰਾਜਵੀਰ ਸਿੰਘ
ਮੋਬਾ : 8492005225
ਪ੍ਰਭਜੋਤ ਕੌਰ
ਮੋਬਾ : 9858219721

**ਕਨੇਡਾ ਪ੍ਰਤੀਨਿਧ**
ਡਾ. ਅਰਵਿੰਦਰ ਕੌਰ
ਮੋਬਾ : +1 416-450-0554

**ਸਲਾਹਕਾਰ ਬੋਰਡ**
ਡਾ. ਮਨਮੋਹਨ
ਮੋਬਾ : 8283948811
ਡਾ. ਰਵੇਲ ਸਿੰਘ
ਮੋਬਾ : 9212021195
ਡਾ. ਬਲਜੀਤ ਕੌਰ
ਮੋਬਾ : 9419117484
ਡਾ. ਹਰਜਿੰਦਰ ਸਿੰਘ
ਮੋਬਾ : 9682386430
ਡਾ. ਪ੍ਰੀਤਮ ਸਿੰਘ
ਮੋਬਾ : 8803083825

**ਕਾਨੂੰਨੀ ਸਲਾਹਕਾਰ**
ਐਡਵੋਕੇਟ ਜਸਮੀਤ ਸਿੰਘ
ਮੋਬਾ : 7006308725

**ਈਮੇਲ** : baljeetraina58@gmail.com
**ਵੈਬਸਾਈਟ** : www.aabruparkashan.com

| | | |
|---|---|---|
| ਟਾਈਟਲ ਪੇਂਟਿੰਗ | : | ਜਸਲੀਨ ਸਿੰਘ (ਜੰਮੂ ਕਸ਼ਮੀਰ) |
| ਮੁੱਲ | : | ਇਕ ਕਾਪੀ 150 ਰੁਪਏ |
| ਦੇਸ਼ ਸਲਾਨਾ | : | 600 ਰੁਪਏ |
| ਜੀਵਨਸਾਥ | : | 10,000 ਰੁਪਏ |
| ਵਿਦੇਸ਼ ਸਲਾਨਾ | : | 50 ਡਾਲਰ, 25 ਪੌਂਡ |

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

ਛਾਪਕ, ਪ੍ਰਕਾਸ਼ਕ, ਮਾਲਕ ਅਤੇ ਸੰਪਾਦਕ ਬਲਜੀਤ ਸਿੰਘ ਰੈਨਾ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ।
Printer, Publisher, Owner and Editor Baljeet Singh Raina Printed it at M/S Classic Printers, Bari Brahmana and Published at Aabru office, H.No. 5, Kunjwani, Behind Shaheed Filling Station Jammu-180010.

# ਤਰਤੀਬ

ਸੰਪਾਦਕੀ : ਬਲਜੀਤ ਸਿੰਘ ਰੈਨਾ/3
ਯਾਤਰਾ : ਦੁਬਈ ਡਾਇਰੀ/ਡਾ. ਮੋਨੋਜੀਤ/4
ਖੋਜ ਪੱਤਰ : ਸਿੱਖ ਰਾਜ ਦਾ ਪਹਿਲਾ ਜੇਤੂ ਨਾਇਕ.../ਡਾ. ਜਤਿੰਦਰ ਪਾਲ ਸਿੰਘ/6
: ਈਕੋਕ੍ਰਿਟੀਸਿਜਮ ਅਧਿਐਨ ਵਿਧੀ ਅਤੇ.../ਸਤਵੀਰ ਕੌਰ ਸ਼ਾਲੂ/8
: ਜਗਤਾਰ ਢਾਅ ਦੀ ਕਾਵਿ-ਚੇਤਨਾ.../ਡਾ. ਆਨੰਦ ਵਰਧਨ/12
: ਪਰਵਾਸੀ ਪੰਜਾਬੀ ਨਾਵਲ ਦਾ ਅਧਿਐਨ.../ਹਰਮਨਪ੍ਰੀਤ ਸਿੰਘ/15
: ਗੁਰੂ ਅਮਰਦਾਸ ਜੀ ਦੀ ਬਾਣੀ :.../ਡਾ. ਰਚਨਾ ਕੁਮਾਰੀ/18
: ਲਾਲ ਸਿੰਘ ਦਿਲ ਦੀਆਂ.../ਅਵਤਾਰ ਸਿੰਘ, ਗਾਈਡ : ਡਾ. ਸੋਨਾ/20
: ਧਰਮ ਗੁਰੂ : ਚਿਹਨ ਵਿਗਿਆਨਕ ਅਧਿਐਨ/ਡਾ. ਅਸ਼ੋਕ ਭਗਤ/23
: ਬਾਬਾ ਵਜੀਦ ਦਾ ਸੂਫ਼ੀ ਕਲਾਮ : ਭਾਰਤੀ ਮਿਥਾਂ.../ਰਾਜਨ ਕੁਮਾਰ/27
: ਭਾਈ ਵੀਰ ਸਿੰਘ ਦੀ ਕਵਿਤਾ ਵਿੱਚ.../ਡਾ. ਕੁਲਬੀਰ ਸਿੰਘ ਬਾਦਲ/30
: ਉਸਤਾਦ ਅਮਜਦ ਅਲੀ ਖਾਂ ਦਾ ਸੰਗੀਤ ਦੇ.../ਵਰਿੰਦਰ ਸਿੰਘ ਚੰਨਾ/34
: ਪੰਜਾਬੀ ਲੋਕ-ਸਾਹਿਤ ਵਿਚ ਦਲਿਤ :.../ਡਾ. ਸਿਧਾਰਥ ਕੁਮਾਰ/37
: ਸਾਧਾਰਨ ਮਨੁੱਖ ਦੀ ਸਾਧਾਰਨਤਾ ਦਾ ਰਚੇਤਾ :.../ਡਾ. ਸੁਖਬੀਰ ਕੌਰ/39
: ਪਟੀ ਬਾਣੀ ਅਨੁਸਾਰ ਰਿਜ਼ਕ/ਡਾ. ਮਨਵਿੰਦਰ ਸਿੰਘ/41
: ਪੰਜਾਬੀ ਫਿਲਮ.../ਭਵਨਦੀਪ ਕੌਰ, ਗਾਈਡ : ਡਾ. ਸਤਵੰਤ ਸਿੰਘ/43
: ਮਿੱਥ ਦੇ ਨਵੀਨ ਅਰਥਾਂ ਨੂੰ ਪ੍ਰਗਟਾਉਂਦੀ :.../ਰਮਨਪ੍ਰੀਤ ਕੌਰ/44
: ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ.../ਕੁਲਵਿੰਦਰ ਕੌਰ/47
: ਪ੍ਰੀਤਮ ਸਿੰਘ ਸਫ਼ੀਰ ਰਚਿਤ ਕਵਿਤਾ.../ਡਾ. ਮਲਕੀਅਤ ਸਿੰਘ/52
: ਦੋਹਰੇ ਮੁੱਲਾਂ ਦੇ ਤਣਾਓ ਦਾ ਬਿਰਤਾਂਤ : ਕੱਚੀ ਕੰਧ/ਮੌਨਿਕਾ/54
: ਕਰਮਜੀਤ ਸਿੰਘ ਕੁੱਸਾ ਦੀ ਗਲਪੀ ਭਾਸ਼ਾ/ਰਾਜਿੰਦਰ ਸਿੰਘ/57
: ਬਾਣੀ ਗੁਰੂ ਰਾਮਦਾਸ ਦੇ ਮੁੱਖ ਸਰੋਕਾਰ/ਕਰਨਬੀਰ ਕੌਰ/60
: ਸਮਾਜਿਕ ਯਥਾਰਥ ਦੀ ਪੇਸ਼ਕਾਰੀ ਕਰਦਾ.../ਗੁਰਦੱਤ ਸਿੰਘ/63
: ਸਮਾਜ-ਸਭਿਆਚਾਰ ਦੇ ਰਿਸ਼ਤਿਆਂ ਵਿਚਲੇ.../ਮਨਜਿੰਦਰ ਕੌਰ/67
: ਜਿਉਣਾ ਮੌੜ ਦੀਆਂ ਵਿਭਿੰਨ ਸਾਹਿਤਕ.../ਡਾ. ਸਤਵੀਰ ਸਿੰਘ/69
: ਸੇਰੇਬ੍ਰਿਆਕੋਵ ਦੇ ਸਾਹਿਤ ਇਤਿਹਾਸ 'ਪੰਜਾਬੀ.../ਨਵਜੋਤ ਸਿੰਘ/74
: ਉਹਦੀਆਂ ਅੱਖਾਂ 'ਚ ਸੂਰਜ ਹੈ ਕਹਾਣੀ.../ਡਾ. ਬਲਵੀਰ ਕੌਰ ਰੀਹਲ/76
: ਪੰਜਾਬੀ ਸਿਨੇਮਾ ਵਿਚ ਪਰਵਾਸੀ ਸਰੋਕਾਰ/ਕਿਰਨਦੀਪ ਕੌਰ/78
: 'ਚੜ੍ਹਦਾ ਸੂਰਜ ਭਗਤ ਸਿੰਘ' : ਵਿਚਾਰਧਾਰਾਈ ਅਧਿਐਨ/ਸੰਦੀਪ ਸਿੰਘ/81
: ਪੁਆਧ ਖੇਤਰ ਦੇ.../ਅੰਜਲੀ ਛਾਬੜਾ, ਗਾਈਡ : ਡਾ. ਸਤਵੰਤ ਸਿੰਘ/83
: ਪੰਜਾਬੀਆਂ ਵਿਚ ਪਰਵਾਸ ਦੀ ਚੇਤਨਾ : ਮੂਲ ਆਧਾਰ/ਜਸਮੀਤ ਸਿੰਘ/86
: ਜੰਗਮ ਸੰਪ੍ਰਦਾਇ ਦਾ ਲੋਕ ਪਹਿਰਾਵਾ : ਮਿਥਕ.../ਰਘਬੀਰ ਸਿੰਘ/89
: ਗ਼ਦਰ ਲਹਿਰ ਦੀ ਕਵਿਤਾ ਅਤੇ ਜੁਝਾਰੂ ਚੇਤਨਾ/ਰਾਮ ਸਿੰਘ/92
: ਭਗਤ ਰਵਿਦਾਸ : ਜੀਵਨ ਤੇ ਵਿਚਾਰਧਾਰਾ/ਡਾ. ਹਰਜਿੰਦਰ ਸਿੰਘ/94
: ਗੁਰਦੁਆਰਾ ਪੋਥੀਮਾਲਾ ਦੇ ਕੰਧ ਚਿੱਤਰਾਂ ਦਾ.../ਡਾ. ਮਨਵੀਰ ਕੌਰ/97
: ਪੰਜਾਬੀ ਗਾਇਕੀ.../ਤਨਵੀਰ ਕੌਰ, ਗਾਈਡ : ਡਾ. ਸਤਵੰਤ ਸਿੰਘ/100
: ਉਤਰਆਧੁਨਿਕ.../ਗੁਰਬਖ਼ਸ਼ੀਸ਼ ਚੰਦ, ਗਾਈਡ : ਡਾ. ਹਰਪ੍ਰੀਤ ਸਿੰਘ/103
: ਕਬੀਲਾ ਸਭਿਆਚਾਰ : ਪਛਾਣ ਚਿੰਨ੍ਹ/ਡਾ. ਮਨਜੀਤ ਕੌਰ/107
: ਬਾਜ਼ੀ ਅਤੇ ਬਾਜ਼ੀਗਰ : ਪ੍ਰਕਾਰਜ ਅਤੇ ਸਾਰਥਕਤਾ/ਸੰਦੀਪ ਕੌਰ/110
: ਸਾਹਿਤ ਅਧਿਐਨ ਦਾ ਸਮਾਜ ਭਾਸ਼ਾ ਵਿਗਿਆਨਕ.../ਦਾਨਿਸ਼ ਚੌਧਰੀ/113
: ਸੁਖਮਨੀ ਸਾਹਿਬ : ਕਾਵਿ-ਭਾਸ਼ਾਈ ਅਧਿਐਨ/ਬਲਜਿੰਦਰ ਕੌਰ/116
: ਸੂਚਨਾ ਅਤੇ ਸੰਚਾਰ ਦੇ ਯੁੱਗ ਵਿਚ ਚੜ੍ਹਾਵਾ :.../ਗੁਰਲਾਲ ਸਿੰਘ ਮਾਨ/119
: ਕਹਾਣੀ ਸੰਗ੍ਰਹਿ 'ਰੰਗ ਦੀ ਬਾਜ਼ੀ' ਦਾ ਵਿਸ਼ੇਗਤ.../ਡਾ. ਅਵਤਾਰ ਸਿੰਘ/121
: ਕੁਲਵਿੰਦਰ ਦੇ ਗ਼ਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ਼ 'ਤੇ'.../ਲਵਪ੍ਰੀਤ ਸਿੰਘ/124
: ਕੁਲਵੰਤ ਸਿੰਘ ਵਿਰਕ 'ਤੇ ਹੋਈ.../ਡਾ. ਰਮਨਦੀਪ ਕੌਰ/128
: ਚਿਹਨ ਵਿਗਿਆਨ ਤੇ ਉੱਤਰ-ਸੰਰਚਨਾਵਾਦੀ ਚਿੰਤਨ/ਹੰਸਰਾਜ/132
: ਡਾ.ਮਨਮੋਹਨ.../ਡਾ. ਅਮਰਜੀਤ ਸਿੰਘ, ਸੰਪਾਦਕ "ਕਾਵਿ-ਸ਼ਾਸਤਰ"/135
: ਦਲੀਪ ਕੌਰ ਟਿਵਾਣਾ ਦੇ ਨਾਵਲਾਂ ਬਾਰੇ ਪ੍ਰਾਪਤ.../ਸੁਖਵਿੰਦਰ ਕੌਰ/137
: ਧਾਰਮਿਕ ਸਹਿਹੋਂਦ : ਮਹੱਤਵ ਅਤੇ.../ਡਾ. ਗੁਰਵੀਰ ਸਿੰਘ/141
: ਪੰਜਾਬ ਦੇ ਉੱਤਰ ਪੂਰਬੀ ਖਿੱਤੇ ਦੀ ਪੁਆਧੀ ਉਪ.../ਨਵੀਨ ਕੁਮਾਰ/144
: ਪੰਜਾਬ ਦੇ ਤੰਤੀ ਸਾਜ਼ਾਂ ਵਿਚ ਤਾਊਸ ਦਾ.../ਡਾ. ਸਾਕਸ਼ੀ ਸ਼ਰਮਾ/148
: ਪੰਜਾਬੀ ਇਤਿਹਾਸਕ ਨਾਟਕ : ਸਰਵੇਖਣ ਤੇ.../ਜਸਪਾਲ ਸਿੰਘ/150
: ਵਿਸ਼ਵੀਕਰਣ ਦੇ.../ਅਮਨਦੀਪ ਕੌਰ, ਗਾਈਡ : ਡਾ. ਹਰਪ੍ਰੀਤ ਸਿੰਘ/152
: ਪੁਆਧੀ ਬੋਲੀ ਦੀ ਧੁਨੀ-ਵਿਉਂਤਕ.../ਡਾ. ਪਵਨਦੀਪ ਕੌਰ/155
: ਪਾਕਿਸਤਾਨੀ ਪੰਜਾਬੀ ਨਾਟਕ ਵਿਚ ਦੇਸ਼.../ਡਾ. ਬਲਵਿੰਦਰ ਸਿੰਘ/158
: ਬਿੰਬ ਦੀ ਪਰਿਭਾਸ਼ਾ ਅਤੇ ਸਰੂਪ/ਅਨੰਤਦੀਪ ਕੌਰ/162
: ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ ਵਿਚ ਪੇਸ਼.../ਰੁਪਿੰਦਰ ਕੌਰ/164
: ਮਨਿੰਦਰ ਕਾਂਗ ਦੀ ਕਥਾ ਵਿਲੱਖਣਤਾ/ਪ੍ਰੋ. ਸ਼ਰਨਜੀਤ ਕੌਰ/167
: ਮੇਰੀ ਅਮਰੀਕੀ ਫ਼ੇਰੀ : ਇਕ ਵਿਸ਼ਲੇਸ਼ਣ/ਪ੍ਰਭਜੋਤ ਕੌਰ/169
: ਕਬੀਲਾਈ ਲੋਕ ਚਿਕਿਤਸਾ : ਇਕ.../ਰਵਿੰਦਰ ਕੁਮਾਰ/172
: ਲੋਕਧਾਰਾ ਅਤੇ ਸਭਿਆਚਾਰ ਨਾਲ.../ਡਾ. ਸਟਾਲਿਨਜੀਤ ਸਿੰਘ/176
: ਵਿਸਰਾਮ ਚਿੰਨ੍ਹਾਂ ਦਾ ਸੰਖੇਪ ਇਤਿਹਾਸ/ਜਸਪਾਲ ਸਿੰਘ/180
: ਸਵਰਾਜਬੀਰ ਰਚਿਤ ਨਾਟਕ 'ਕ੍ਰਿਸ਼ਨ' ਦਾ.../ਪ੍ਰੋ. ਪਰਦੀਪ ਸਿੰਘ/183
: ਪੰਜਾਬੀ ਲੋਕ ਨਾਚ ਭੰਗੜੇ ਨਾਲ ਪ੍ਰਯੁਕਤ ਹੋਣ.../ਜਸਪ੍ਰੀਤ ਕੌਰ/185
: ਬਰਤਾਨਵੀ ਬਸਤੀਵਾਦ ਵਿਰੋਧੀ ਪੰਜਾਬੀ ਕਵਿਤਾ/ਭਜਨ ਸਿੰਘ/189
: ਫ਼ਰਖ਼ੰਦਾ ਲੋਧੀ ਦੇ ਨਾਵਲ ਦਾ ਵਿਸ਼ੇਗਤ.../ਡਾ. ਕਿਰਨ ਗਰਗ/191
: ਬਲਬੀਰ ਕੌਰ ਸੰਘੇੜਾ ਦਾ ਨਾਵਲ "ਚਿੱਕੜ"/ਜਗਮੋਹਨ ਸਿੰਘ/194
: ਪੰਜਾਬੀਅਤ ਦਾ ਬਦਲਦਾ ਸੰਕਲਪ :.../ਮਨਪ੍ਰੀਤ ਕੌਰ/198
: ਨਾਰੀ ਚਿੰਤਨ, ਡੇਰਾਵਾਦ ਅਤੇ ਕਿਸਾਨੀ.../ਡਾ. ਜੇ. ਬੀ. ਸੇਖੋਂ/199
: ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਰਾਮਾਹ.../ਗੁਰਪ੍ਰੀਤ ਕੌਰ/206

ਖੋਜ ਪੱਤਰ

# ਭਗਤ ਰਵਿਦਾਸ : ਜੀਵਨ ਤੇ ਵਿਚਾਰਧਾਰਾ



— ਡਾ. ਹਰਜਿੰਦਰ ਸਿੰਘ —

ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਸ਼੍ਰੋਮਣੀ ਭਗਤ ਹਨ। ਉਨ੍ਹਾਂ ਨੇ ਭਗਤੀ ਲਹਿਰ ਦੇ ਮੂਲ ਸਿਧਾਂਤਾਂ ਅਤੇ ਆਦਰਸ਼ਾਂ ਨੂੰ ਲੋਕ -ਜੀਵਨ ਦਾ ਅੰਗ ਬਣਾ ਕੇ ਇਸ ਲਹਿਰ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਉਤਰੀ-ਭਾਰਤ ਵਿਚ ਭਗਤੀ-ਲਹਿਰ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਿਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਆਪਣੇ ਵਿਵਹਾਰਕ ਅਤੇ ਸਿਰਜਨਾਤਮਕ ਕਾਰਜਾਂ ਦੁਆਰਾ ਤਤਕਾਲੀਨ ਸਮਾਜ ਨੂੰ ਦਰਪੇਸ਼ ਸੱਮਸਿਆਵਾਂ, ਸੰਕਟਾਂ ਤੇ ਕੁਰੀਤੀਆਂ ਵਿਰੁਧ ਨਾ-ਕੇਵਲ ਆਪਣਾ ਪ੍ਰਤੀਰੋਧ ਵਿਅਕਤ ਕੀਤਾ ਹੈ ਸਗੋਂ ਸਮਾਜ-ਸਭਿਆਚਾਰਕ ਸਮਾਨਤਾ ਲਈ 'ਬੇਗਮਪੁਰਾ' ਦੇ ਰੂਪ ਵਿਚ ਆਦਰਸ਼ ਸਮਾਜ ਦੀ ਸਿਰਜਣਾ ਕਰਨ ਲਈ ਦਿਸ਼ਾ ਤੇ ਦ੍ਰਿਸ਼ਟੀ ਵੀ ਪ੍ਰਦਾਨ ਕੀਤੀ ਹੈ। ਉਹ ਭਗਤੀ ਦੀ ਨਿਰਗੁਣ ਧਾਰਾ ਦੇ ਸਿਧਾਂਤਕ ਤੇ ਵਿਵਹਾਰਕ ਸੂਤਰਾਂ ਨੂੰ ਅੰਗੀਕਾਰ ਕਰਦੇ ਹੋਏ ਅਜਿਹਾ ਜੀਵਨ-ਮਾਡਲ ਪ੍ਰਸਤੁਤ ਕਰਦੇ ਹਨ ਜਿਸ ਵਿਚ "ਪ੍ਰਭੂ-ਪ੍ਰਾਪਤੀ ਲਈ ਕਿਸੇ ਤਰ੍ਹਾਂ ਦੇ ਕਰਮ-ਕਾਂਡ, ਭੇਖ-ਧਾਰਨ, ਧਾਰਮਿਕ-ਚਿੰਨ੍ਹ ਧਾਰਨ, ਪ੍ਰਾਣਾਯਾਮ ਦੁਆਰਾ ਅਨਹਦ ਨਾਦ ਵਜਾਉਣ, ਤੀਰਥ-ਯਾਤਰਾ ਤੇ ਇਸ਼ਨਾਨ, ਵਰਤ ਰੱਖਣ, ਪੁਜਾਰੀਆਂ ਨੂੰ ਦਾਨ ਦੇਣ, ਸਰੀਰ ਨੂੰ ਕਸ਼ਟ ਦੇਣ ਵਾਲੇ ਤਪ ਸਾਧਣ, ਮੰਤਰਾਂ ਦੇ ਜਾਪ ਕਰਨ ਆਦਿ ਦੀ ਉੱਕੀ ਹੀ ਲੋੜ ਨਹੀਂ ਸਗੋਂ ਹਿਰਦੇ ਦੀ ਨਿਰਮਲਤਾ, ਸ਼ਰਧਾ ਭਾਵਨਾ, ਨਿਰਮਲ ਭਾਉ, ਸੱਚੇ-ਸੁਚੇ ਪਿਆਰ ਅਤੇ ਸੰਸਾਰਕ ਵਸਤਾਂ ਦੇ ਮੋਹ ਦੇ ਤਿਆਗ ਦੀ ਲੋੜ ਹੁੰਦੀ ਹੈ।"[1] ਇਉਂ ਨਿਰਗੁਣ ਭਗਤੀ ਧਾਰਾ ਦੇ ਸਿਧਾਂਤਕ ਸੂਤਰਾਂ ਨੂੰ ਅੰਗੀਕਾਰ ਕਰਕੇ ਆਪ ਵੱਲੋਂ ਰਚੀ ਗਈ ਬਾਣੀ ਅਤੇ ਜੀਵੇ ਗਏ ਵਿਵਹਾਰਕ ਜੀਵਨ ਵਿਚੋਂ ਉਪਰੋਕਤ ਸੂਤਰਾਂ ਦੀ ਨਿਸ਼ਾਨਦੇਹੀ ਸਹਿਜੇ ਹੀ ਕੀਤੀ ਜਾ ਸਕਦੀ ਹੈ। ਅਸਲ ਵਿਚ "ਭਗਤ ਰਵਿਦਾਸ ਜੀ ਮੁੱਢ ਤੋਂ ਹੀ ਨਿਰਗੁਣ-ਧਾਰਾ ਦੇ ਸੰਤ ਸਨ। ... ਆਪ ਦੇ ਸਿਧਾਂਤ ਸਿੱਖ ਸਿਧਾਂਤਾਂ ਦੇ ਬਿਲਕੁਲ ਅਨੁਕੂਲ ਹਨ, ਇਸੇ ਲਈ ਆਪ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ।"[2] ਇਸ ਤਰ੍ਹਾਂ ਭਗਤ ਰਵਿਦਾਸ ਜੀ ਭਗਤੀ ਲਹਿਰ ਦੀ ਨਿਰਗੁਣਧਾਰਾ ਦੇ ਅਜਿਹੇ ਪ੍ਰਤਿਭਾਵਾਨ ਭਗਤ ਤੇ ਸਮਾਜਿਕ ਚਿੰਤਕ ਵਜੋਂ ਆਪਣੀ ਪਛਾਣ ਸਥਾਪਤ ਕਰਦੇ ਹਨ ਜੋ ਅਕਾਲ ਪੁਰਖ ਨੂੰ ਸਾਰੀ ਕਾਇਨਾਤ ਦਾ ਸਿਰਜਣਹਾਰ ਤੇ ਪਾਲਣਹਾਰ ਮੰਨਦੇ ਹਨ। ਇਹ ਉਨ੍ਹਾਂ ਦੇ ਸਾਦੇ ਜੀਵਨ ਅਤੇ ਭਗਤੀ ਭਾਵਨਾ ਦੇ ਆਧਾਰ-ਸੂਤਰਾਂ 'ਤੇ ਉਸਰੇ ਵਿਅਕਤਿਤਵ ਦਾ ਹੀ ਪ੍ਰਤਾਪ ਹੈ ਕਿ ਭਿੰਨ-ਭਿੰਨ ਖੇਤਰਾਂ ਅਤੇ ਭਾਸ਼ਾਵਾਂ ਦੇ ਲੋਕ ਆਪ ਜੀ ਨੂੰ ਰਵਿਦਾਸ, ਰੈਦਾਸ, ਰਯਦਾਸ, ਰੁਇਦਾਸ, ਰੋਹਿਦਾਸ, ਰਾਯਦਾਸ, ਰਹਦਾਸ ਆਦਿ ਨਾਵਾਂ ਨਾਲ ਨਾ-ਕੇਵਲ ਪੁਕਾਰਦੇ ਹਨ ਸਗੋਂ ਉਨ੍ਹਾਂ ਪ੍ਰਤੀ ਆਪਣੀ ਸ਼ਰਧਾ ਤੇ ਸਤਿਕਾਰ ਵੀ ਵਿਅਕਤ ਕਰਦੇ ਹਨ। ਇਉਂ ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਅਹਿਮ ਪ੍ਰਵਕਤਾ ਵਜੋਂ ਕਾਰਜ ਕਰਦੇ ਹੋਏ ਅਜਿਹੀ ਅਧਿਆਤਮਕ ਤੇ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਝੰਡਾਬਰਦਾਰ ਬਣਦੇ ਹਨ ਜਿਹੜੀ ਨਿਮਾਣਿਆ-ਨਿਤਾਣਿਆਂ ਦੀ ਅਗਵਾਹੀ ਕਰਦੀ ਹੋਈ ਸਮਾਜਕ ਪੱਧਰ 'ਤੇ ਪ੍ਰਭੂਸੱਤਾ-ਸੰਪੰਨ ਧਿਰ ਦੀ ਵਿਚਾਰਧਾਰਾ ਨੂੰ ਸਿੱਧੀ ਚੁਣੌਤੀ ਦਿੰਦੀ ਹੈ। ਇਸ ਵਿਚਾਰਧਾਰਾ ਦੇ ਸਦਕਾ ਭਾਰਤੀ ਸਮਾਜ ਵਿਚ ਕਥਿਤ ਤੌਰ 'ਤੇ ਨੀਵੀਆਂ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕ ਅਣਖ ਤੇ ਸਵੈਮਾਣ ਨਾਲ ਜਿਉਣ ਨੂੰ ਆਪਣਾ ਅਧਿਕਾਰ ਸਮਝਣ ਲੱਗ ਤੇ ਉਨ੍ਹਾਂ ਵਿਚ ਇਹ ਵਿਸ਼ਵਾਸ ਦ੍ਰਿੜ੍ਹ ਹੋਇਆ ਕੇ ਮਨੁੱਖ ਆਪਣੇ ਕਿੱਤੇ ਕਰਕੇ ਵੱਡਾ-ਛੋਟਾ ਜਾਂ ਉਚ-ਨੀਚ ਨਹੀਂ ਹੁੰਦਾ ਸਗੋਂ ਆਪਣੀ ਸੋਚ ਕਰਕੇ ਵੱਡਾ-ਛੋਟਾ ਜਾਂ ਉਚ-ਨੀਚ ਹੁੰਦਾ ਹੈ।

ਭਗਤ ਰਵਿਦਾਸ ਜੀ ਦਾ ਜਨਮ ਅਜਿਹੇ ਸਮਿਆਂ ਵਿਚ ਹੋਇਆ ਜਦੋਂ ਭਾਰਤੀ ਸਮਾਜ ਵੱਖ-ਵੱਖ ਜਾਤਾਂ ਅਤੇ ਵਰਣਾਂ ਵਿਚ ਵੰਡਿਆ ਹੋਇਆ ਸੀ। ਸੱਤਾਧਾਰੀ ਧਿਰ ਦੀ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਅੰਤਰਗਤ ਸਿਰਜੀ ਗਈ ਵਰਣ ਵਿਵਸਥਾ ਤਹਿਤ ਰੱਬ ਦੇ ਬੰਦਿਆਂ ਨੂੰ ਜਾਤ ਦੇ ਆਧਾਰ 'ਤੇ ਉਚ-ਨੀਚ ਦੇ ਪਾੜੇ ਪਾ ਕੇ ਮਨੁੱਖਤਾ ਦਾ ਘਾਣ ਕੀਤਾ ਜਾ ਰਿਹਾ ਸੀ। ਪੁਜਾਰੀ ਤੇ ਪ੍ਰੋਹਿਤ ਵਰਗ ਵੱਲੋਂ ਆਪਣੀ ਪ੍ਰਭੂਸੱਤਾ ਬਣਾਈ ਰੱਖਣ ਲਈ ਬੜੇ ਯੋਜਨਾਬੱਧ ਤਰੀਕੇ ਨਾਲ ਧਾਰਮਿਕ ਗ੍ਰੰਥਾਂ ਦੀ ਮਨਚਾਹੀ ਵਿਆਖਿਆ ਕਰਕੇ ਮਨੁੱਖਤਾ ਵਿਚ ਵੰਡੀਆਂ ਪਾਈਆਂ ਜਾ ਰਹੀਆਂ ਸਨ। ਮਨੁੱਖਤਾ ਨੂੰ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਵਰਗਾਂ ਵਿਚ ਵੰਡਿਆ ਗਿਆ। ਚੌਥੇ ਵਰਗ ਵਿਚ ਰੱਖੇ ਗਏ ਸ਼ੂਦਰਾਂ ਤੋਂ ਨਾ-ਕੇਵਲ ਮਨੁੱਖ ਹੋਣ ਦਾ ਅਧਿਕਾਰ ਹੀ ਖੋਹਿਆ ਗਿਆ ਬਲਕਿ ਪਹਿਲੇ ਤਿੰਨ ਵਰਗਾਂ ਵਿਚ ਰੱਖੇ-ਲੋਕਾਂ ਵੱਲੋਂ ਚੌਥੇ ਵਰਗ ਦੇ ਲੋਕਾਂ ਨਾਲ ਅਮਾਨਵੀ ਵਿਵਹਾਰ ਵੀ ਕੀਤਾ ਜਾ ਰਿਹਾ ਸੀ। ਭਾਰਤੀ ਸਮਾਜ ਦੀ ਅਖੰਡਤਾ ਨੂੰ ਚੁਣੌਤੀ ਦੇ ਰਹੀਆਂ ਅਜਿਹੀਆਂ ਵਿਕਰਾਲ ਸਥਿਤੀਆਂ/ਪਰਸਥਿਤੀਆਂ ਵਿਚ ਹੀ ਭਗਤ ਰਵਿਦਾਸ ਜੀ ਦਾ ਜਨਮ 1376 ਈ. (1433 ਬਿ.) ਨੂੰ ਬਨਾਰਸ (ਕਾਸ਼ੀ) ਦੇ ਨੇੜੇ ਲਹਿਰ ਤਾਰਾ ਤਲਾਬ ਦੇ ਨਜ਼ਦੀਕ ਹੋਇਆ, ਜਿੱਥੇ ਹੁਣ ਮੁੰਡੁਆਡੀਹ ਨਾਂ ਦਾ ਪਿੰਡ ਵਸਿਆ ਹੋਇਆ ਹੈ। ਉਨ੍ਹਾਂ ਦੇ ਪਿਤਾ ਦਾ ਨਾਂ ਰਾਘਵ ਸੀ ਪ੍ਰੰਤੂ ਆਮ ਤੌਰ 'ਤੇ ਉਨ੍ਹਾਂ ਨੂੰ 'ਰਘੂ' ਨਾਮ ਨਾਲ ਹੀ ਪੁਕਾਰਿਆ ਜਾਂਦਾ ਸੀ? ਉਨ੍ਹਾਂ ਦੇ ਮਾਤਾ ਜੀ ਦਾ ਨਾਂ 'ਘੁਰਬਿਨੀਆਂ' ਸੀ। ਪ੍ਰਿਥਵੀ ਸਿੰਘ ਆਜ਼ਾਦ ਅਨੁਸਾਰ ਉਨ੍ਹਾਂ ਦਾ ਜਨਮ ਜਿਸ ਪਰਿਵਾਰ ਵਿਚ ਹੋਇਆ ਉਹ ਚਮੜੇ ਦਾ ਕਿੱਤਾ ਕਰਦਾ ਸੀ, ਜਿਸ ਵਿਚ ਰੰਗਾਈ, ਕਟਾਈ ਅਤੇ ਚਮੜੇ ਦੀਆਂ ਜੁੱਤੀਆਂ, ਕਾਠੀਆਂ, ਲਗਾਮਾਂ ਆਦਿ ਵਸਤਾਂ ਬਣਾਉਣਾ ਸ਼ਾਮਿਲ ਸੀ? ਉਨ੍ਹਾਂ ਦਾ ਜ਼ਰੀ-ਤਿੱਲੇ ਦਾ ਕੰਮ ਵੀ ਹੁੰਦਾ ਸੀ?[3] ਭਗਤ ਜੀ ਦੇ ਪਰਿਵਾਰਕ ਕਿੱਤੇ ਬਾਰੇ ਗਵਾਹੀ ਉਨ੍ਹਾਂ ਦੀ ਬਾਣੀ ਵਿਚੋਂ ਵੀ ਮਿਲਦੀ ਹੈ :

> ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥
> ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥
> (ਗੁ.ਗ੍ਰੰ.659)

ਭਗਤ ਰਵਿਦਾਸ ਜੀ ਬਚਪਨ ਤੋਂ ਹੀ ਪ੍ਰਭੂ ਭਗਤੀ ਵੱਲ ਰੁਚਿਤ ਹੋ ਗਏ ਸਨ ਤੇ ਸਤਿ ਸੰਗਤਿ ਕਰਨ ਲੱਗ ਪਏ ਸਨ? ਆਪ ਕਈ ਵਾਰ ਸੰਤਾਂ-ਸਾਧਕਾਂ ਨਾਲ ਬਨਾਰਸ ਤੋਂ ਦੂਰ ਦਰੇਡੇ ਇਲਾਕਿਆਂ ਵਿੱਚ ਚਲੇ ਜਾਂਦੇ ਸਨ? "ਆਪ ਨੇ ਭਗਤੀ ਭਾਵ ਵਾਲੇ ਪ੍ਰਵਚਨਾਂ ਨੂੰ ਸੁਣ-ਸੁਣਾ ਕੇ ਅਤੇ ਸੰਤਾਂ/ਮਹਾਪੁਰਸ਼ਾਂ ਦੀਆਂ ਮੰਡਲੀਆਂ ਵਿੱਚ ਹੁੰਦੀ ਅਧਿਆਤਮਿਕ ਚਰਚਾ ਤੋਂ ਲਾਭ ਉਠਾ ਕੇ ਆਪਣੇ ਆਪ ਨੂੰ ਅਧਿਆਤਮਿਕ ਵਿਦਿਆ ਵਿੱਚ ਕਾਫ਼ੀ ਨਿਪੁੰਣ ਬਣਾ ਲਿਆ ਸੀ? ਤੀਖਣ ਬੁੱਧੀ ਕਾਰਨ ਉਹ ਵੱਡੇ ਤੋਂ ਵੱਡੇ ਪੰਡਤਾਂ

ਨਾਲ ਸ਼ਾਸਤ੍ਰਾਰਥ ਹੀ ਨਹੀਂ ਕਰਦੇ ਸਨ, ਸਗੋਂ ਆਪਣੇ ਗਿਆਨ ਦੇ ਅਧਾਰ 'ਤੇ ਉਨ੍ਹਾਂ ਨੂੰ ਅਵਾਕ ਕਰ ਦਿੰਦੇ ਸਨ ਅਤੇ ਉਹ ਆਪਦੀ ਅਧਿਆਤਮਕ ਸੂਝ ਅਤੇ ਬ੍ਰਹਮ-ਗਿਆਨ ਦੀ ਪ੍ਰਾਪਤੀ ਅੱਗੇ ਮਸਤਕ ਝੁਕਾਂਦੇ ਸਨ?"[4] ਇਹ ਆਪ ਦੀ ਪ੍ਰਭੂ ਭਗਤੀ ਪ੍ਰਤੀ ਦ੍ਰਿੜਤਾ ਅਤੇ ਅਰਾਧਨਾਂ ਦਾ ਹੀ ਕਮਾਲ ਸੀ ਕਿ ਆਪਣੇ ਆਪ ਨੂੰ ਬ੍ਰਹਮ ਗਿਆਨੀ ਸਮਝਣ ਵਾਲਾ ਪੁਜਾਰੀ ਵਰਗ ਆਪ ਜੀ ਦੀ ਭਗਤੀ ਅਤੇ ਗਿਆਨ ਨੂੰ ਸੀਸ ਨਿਵਾ ਕੇ ਸਵਿਕਾਰ ਕਰਨ ਲੱਗ ਪਿਆ ਸੀ? ਇਸ ਦਾ ਪ੍ਰਮਾਣ ਆਪ ਜੀ ਦੀ ਬਾਣੀ ਵਿਚੋਂ ਸਪੱਸ਼ਟ ਪਛਾਣਿਆ ਜਾ ਸਕਦਾ ਹੈ :

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ॥
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥ (ਗੁ.ਗ੍ਰੰ.1293)

ਜ਼ਾਹਿਰ ਹੈ, ਭਗਤ ਰਵਿਦਾਸ ਜੀ ਵੱਲੋਂ ਪ੍ਰਭੂ ਨਾਮ ਸਿਮਰਨ ਨਾਲ ਜੁੜੇ ਰਹਿਣ ਕਾਰਨ ਜਿੱਥੇ ਉਹਨਾਂ ਦੀ ਸ਼ਖਸੀਅਤ ਵਿੱਚ ਦਿਨ-ਬ-ਦਿਨ ਨਿਖਾਰ ਆਉਣ ਲਗਦਾ ਹੈ? ਉੱਥੇ ਦੈਵੀ ਅਤੇ ਅਤੇ ਨੈਤਿਕ ਗੁਣਾਂ ਵਿਚ ਵੀ ਇਜ਼ਾਫ਼ਾ ਹੁੰਦਾ ਹੈ? ਸੰਤਾਂ-ਫਕੀਰਾਂ ਪ੍ਰਤੀ ਸੇਵਾ-ਭਾਵਨਾ, ਨਿਰਵੈਰਤਾ, ਨਿਡਰਤਾ, ਨਿਮਾਣਿਆਂ-ਨਿਤਾਣਿਆਂ ਨਾਲ ਪਿਆਰ, ਸਮਾਜਿਕ ਕੁਰੀਤੀਆਂ ਵਿਰੁੱਧ ਡਟਣ ਦੀ ਦਲੇਰੀ, ਖੁਲ੍ਹਦਿਲੀ ਤੇ ਸ਼ਾਂਤ ਸੁਭਾਅ ਨਾਲ ਪ੍ਰਣਾਏ, ਲੋੜਵੰਦਾਂ ਦੀ ਮੱਦਦ ਕਰਨ ਜਿਹੇ ਗੁਣਾਂ ਨੇ ਆਪ ਜੀ ਨੂੰ ਛੋਟੀ ਉਮਰੇ ਹੀ ਭਗਤ ਦਾ ਦਰਜਾ ਦਿਵਾ ਦਿੱਤਾ ਸੀ? ਸੰਸਾਰਕ ਮੋਹ-ਮਾਇਆ ਵੱਲੋਂ ਉਪਰਾਮਤਾ ਨੂੰ ਵੇਖਦੇ ਹੋਏ ਆਪ ਜੀ ਦੇ ਮਾਤਾ ਪਿਤਾ ਨੇ ਆਪ ਨੂੰ ਸੰਸਾਰਕ ਕੰਮਾਂ ਵਿੱਚ ਲਾਉਣ ਲਈ ਆਪ ਜੀ ਦਾ ਵਿਆਹ ਲੋਨਾ ਨਾਂ ਦੀ ਕੰਨਿਆ ਨਾਲ ਕਰ ਦਿੱਤਾ? ਰਵਿਦਾਸ ਪੁਰਾਣ ਅਨੁਸਾਰ ਆਪ ਜੀ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਵਿਜਯ ਦਾਸ ਰੱਖਿਆ ਗਿਆ? ਵਿਆਹ ਉਪਰੰਤ ਸੰਤਾਨ ਪੈਦਾ ਹੋਣ ਦੇ ਬਾਵਜੂਦ ਭਗਤ ਰਵਿਦਾਸ ਜੀ ਸੰਸਾਰਕ-ਮੋਹ ਮਾਇਆ ਵੱਲੋਂ ਵਿੱਥ-ਥਾਪੀ ਰੱਖਦੇ ਹਨ ਪ੍ਰੰਤੂ ਭਗਤੀ ਦੇ ਨਾਲ-ਨਾਲ ਪਰਿਵਾਰਕ ਗੁਜ਼ਾਰੇ ਲਈ ਆਪਣੇ ਪਿਤਾ-ਪੁਰਖੀ ਕਿੱਤੇ ਨੂੰ ਵੀ ਨਾਲ-ਨਾਲ ਕਰਦੇ ਰਹਿੰਦੇ ਸਨ?

ਭਗਤ ਰਵਿਦਾਸ ਜੀ ਨਿਮਰਤਾ ਦੇ ਪੁੰਜ ਅਤੇ ਸਰਲ ਸੁਭਾਅ ਦੇ ਧਾਰਨੀ ਮਹਾਂਪੁਰਸ਼ ਸਨ? ਨਿਰਗੁਣ ਭਗਤੀ ਧਾਰਾ ਦੇ ਵਿਵਹਾਰਕ ਅਮਲਾਂ ਤੇ ਸਿਧਾਂਤਕ ਸੂਤਰਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਹੋਏ ਉਹ ਕਿਸੇ ਹੋਰ ਸੰਪਰਦਾਇ ਜਾਂ ਸੰਸਥਾ ਬਾਰੇ ਕੋਈ ਮੰਦਾ ਬਚਨ ਨਹੀਂ ਉਚਾਰਦੇ ਸਨ ਸਗੋਂ ਆਪਣੇ ਵਿਚਾਰਧਾਰਕ ਸੂਤਰਾਂ ਨੂੰ ਵਿਵਹਾਰਕ ਜੀਵਨ ਦਾ ਅੰਗ ਬਣਾ ਕੇ ਪ੍ਰਸਤੁਤ ਕਰਦੇ ਸਨ? ਉਨ੍ਹਾਂ ਦੀ ਕਰਨੀ ਅਤੇ ਕਥਨੀ ਵਿਚਲੀ ਇਕਸਾਰਤਾ ਦਾ ਹੀ ਨਤੀਜਾ ਸੀ ਕਿ ਉਹ ਅੰਦਰੋਂ-ਬਾਹਰੋਂ ਸਰਲ ਤੇ ਇਕਸਾਰ ਰਹਿੰਦੇ ਹੋਏ ਸਮਾਜ-ਕਲਿਆਣ ਲਈ ਵਿਵਹਾਰਕ ਤੇ ਸਿਰਜਨਾਤਮਕ ਕਾਰਜ ਕਰਦੇ ਰਹੇ? "ਇਹ ਉਨ੍ਹਾਂ ਦੇ ਉੱਚੇ-ਸੁੱਚੇ ਜੀਵਨ ਦਾ ਅਸਰ ਹੀ ਸੀ ਕਿ ਸਧਾਰਨ ਮਨੁੱਖ ਤੋਂ ਲੈ ਕੇ ਆਪਣੇ ਆਪ ਨੂੰ ਰਾਜੇ ਅਖਵਾਉਣ ਵਾਲੇ ਬੰਦੇ ਉਨ੍ਹਾਂ ਦੇ ਸ਼ਰਧਾਲੂ-ਸੇਵਕ ਬਣ ਗਏ? ਉਨ੍ਹਾਂ ਦੇ ਸੇਵਕਾਂ ਵਿਚ ਗਾਗਰੌਨਗੜ੍ਹ ਦਾ ਰਾਜਾ 'ਪੀਪਾ', ਕਾਸ਼ੀ ਦਾ ਰਾਜਾ ਵੀਰ ਸਿੰਘ ਦੇਵ ਬਘੇਲਾ, ਚਿਤੌੜ ਦੀ ਰਾਣੀ ਝਾਲੀ, ਰਤਨ ਕੁੰਵਰੀ ਖ਼ਤਰਾਣੀ, ਮੀਰਾਂ ਬਾਈ ਆਦਿ ਦਾ ਨਾਮ ਲਿਆ ਜਾਂਦਾ ਹੈ?"[5] ਇਹ ਆਪ ਜੀ ਦੀ ਭਗਤੀ-ਸਾਧਨਾ ਦਾ ਪ੍ਰਤਾਪ ਸੀ ਕਿ ਆਪ ਭਾਰਤੀ ਸਮਾਜ ਦੀ ਅਖੌਤੀ ਨੀਵੀਂ ਜਾਤ 'ਚੋਂ ਹੋਣ ਦੇ ਬਾਵਜੂਦ ਵੱਡੇ-ਵੱਡੇ ਰਾਜੇ-ਮਹਾਰਾਜੇ ਤੇ ਰਾਣੀਆਂ ਆਪ ਜੀ ਦੇ ਸੇਵਕਾਂ ਵਿਚ ਸ਼ਮਾਰ ਸਨ? ਆਪਣੇ ਸੇਵਕਾਂ ਦੇ ਸੱਦੇ 'ਤੇ ਆਪ ਜੀ ਨੇ ਪ੍ਰਯਾਗ, ਮਥੁਰਾ, ਬ੍ਰਿੰਦਾਬਨ, ਤਿਰਪੁਰੀ, ਮੁਲਤਾਨ ਆਦਿ ਸਥਾਨਾਂ ਦੀਆਂ ਯਾਤਰਾਵਾਂ ਵੀ ਕੀਤੀਆਂ। ਆਪ ਜੀ ਵੱਲੋਂ ਸਮਾਜਿਕ ਕਲਿਆਣ ਲਈ ਕੀਤੇ ਕਾਰਜਾਂ ਅਤੇ ਭਗਤੀ-ਸਾਧਨਾਂ ਤੋਂ ਆਪ ਦੇ ਸਮਕਾਲੀ ਤੇ ਪਰਵਰਤੀ ਭਗਤ/ਸੰਤ ਬਹੁਤ ਪ੍ਰਭਾਵਿਤ ਹੋਏ? ਭਗਤ ਕਬੀਰ ਜੀ, ਭਗਤ ਸੈਣ ਜੀ, ਭਗਤ ਧੰਨਾ ਜੀ, ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਆਦਿ ਨੇ ਆਪਣੀ ਬਾਣੀ ਵਿੱਚ ਆਪ ਪ੍ਰਤਿ ਆਦਰ ਦੇ ਬੋਲ ਉਚਾਰੇ ਹਨ? ਮਾਨਵ-ਕਲਿਆਣ ਲਈ ਧਰਮ ਦੀ ਸਥਾਪਨਾ ਕਰਕੇ ਰੱਬ ਦੇ ਬੰਦਿਆਂ ਵਿੱਚ ਉਚ-ਨੀਚ, ਜਾਤ-ਪਾਤ, ਛੂਆ-ਛੂਤ, ਕਰਮ-ਕਾਂਡ, ਅੰਧ-ਵਿਸ਼ਵਾਸ ਆਦਿ ਕੁਰੀਤੀਆਂ ਦਾ ਅੰਤ ਕਰਨਾ ਆਪ ਜੀ ਦਾ ਜੀਵਨ ਮਨੋਰਥ ਰਿਹਾ ਹੈ?

ਆਪ ਜੀ ਵੱਲੋਂ ਸਮਾਜਿਕ ਕੁਰੀਤੀਆਂ ਵਿਰੁੱਧ ਲੋਕਾਈ ਅੰਦਰ ਪੈਦਾ ਕੀਤੀ ਚੇਤਨਾ ਸਦਕਾ ਲੋਕ ਬ੍ਰਾਹਮਣਵਾਦੀ ਵਿਚਾਰਾਂ ਤੇ ਬਿੱਪਰਵਾਦੀ-ਰੀਤਾਂ ਨੂੰ ਤਿਆਗਣ ਲੱਗੇ? ਆਪ ਆਪਣੇ ਜੀਵਨ ਕਾਲ ਦੌਰਾਨ ਹੀ ਪੂਰੇ ਭਾਰਤ ਵਿੱਚ ਸ਼ਿਰੋਮਣੀ ਭਗਤ ਵਜੋਂ ਜਾਣੇ ਜਾਣ ਲੱਗ ਪਏ? ਜੀਵਨ ਦੇ ਅੰਤਲੇ ਦਿਨਾਂ ਵਿੱਚ ਆਪ ਮੀਰਾਂ ਬਾਈ ਦੇ ਸੱਦੇ 'ਤੇ ਆਪਣੀ ਪਤਨੀ ਸਮੇਤ ਚਿਤੌੜ ਗਏ। ਉਥੇ ਸਤਿਸੰਗ ਕਰਦਿਆਂ ਆਪ ਭਜਨ ਕੀਰਤਨ ਦੇ ਨਾਲ-ਨਾਲ ਧਰਮ ਪ੍ਰਚਾਰ ਕਰਦੇ ਰਹੇ? ਭਗਤ ਜੀ ਦਾ ਅਜਿਹਾ ਕਰਨਾ ਉੱਥੋਂ ਦੇ ਬ੍ਰਾਹਮਣਾਂ ਨੂੰ ਸਵੀਕਾਰ ਨਹੀਂ ਸੀ ਇਸ ਕਰਕੇ ਉਨ੍ਹਾਂ ਨੇ ਆਪ ਜੀ ਦਾ ਵਿਰੋਧ ਕਰਨਾ ਆਰੰਭ ਕਰ ਦਿੱਤਾ? ਇਉਂ ਆਪ ਸੱਚ-ਧਰਮ ਦਾ ਪ੍ਰਚਾਰ-ਪ੍ਰਸਾਰ ਕਰਦਿਆਂ, ਸਮਾਜਿਕ-ਅਸਮਾਨਤਾਵਾਂ ਨੂੰ ਅਸਵੀਕਾਰ ਕਰਦਿਆਂ ਤੇ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਸੰਕੀਰਨਤਾ ਨੂੰ ਤਜਦਿਆਂ 1491 ਈ. (1546 ਬਿ.) ਵਿੱਚ 115 ਵਰ੍ਹਿਆਂ ਦੀ ਉਮਰ ਭੋਗ ਕੇ ਪ੍ਰਭੂ-ਚਰਨਾਂ ਵਿੱਚ ਜਾ ਬਿਰਾਜੇ? ਮੀਰਾਂਬਾਈ ਵੱਲੋਂ ਆਪ ਜੀ ਦੇ ਚਰਨ-ਚਿੰਨ੍ਹ ਉਕਰਵਾ ਲੈਣ ਦਾ ਪ੍ਰਮਾਣ ਵੀ ਮਿਲਦਾ ਹੈ? ਆਪ ਜੀ ਦੇ ਅਕਾਲ ਚਲਾਣੇ ਪਿੱਛੋਂ ਉਨ੍ਹਾਂ ਚਰਨ-ਚਿੰਨ੍ਹਾਂ ਉਤੇ ਇੱਕ ਛਤਰੀ ਵੀ ਬਣਵਾ ਦਿੱਤੀ ਸੀ ਜੋ ਯਾਦਗਾਰ ਦੇ ਰੂਪ ਵਿੱਚ ਅਜੇ ਵੀ ਕਾਇਮ ਹੈ?

ਭਗਤ ਰਵਿਦਾਸ ਜੀ ਨੇ ਸੱਚ-ਧਰਮ ਦੇ ਪ੍ਰਚਾਰ ਅਤੇ ਸਮਾਜਿਕ ਉਧਾਰ ਲਈ ਸਹਿਜ ਅਤੇ ਸਰਲ ਭਾਸ਼ਾ ਵਿਚ ਬਾਣੀ ਦੀ ਰਚਨਾ ਕੀਤੀ? ਆਪ ਜੀ ਵੱਲੋਂ 16 ਰਾਗਾਂ ਵਿੱਚ ਰਚਿਤ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ? ਇਨ੍ਹਾਂ ਸ਼ਬਦਾਂ ਤੋਂ ਇਲਾਵਾ ਵੀ ਆਪ ਜੀ ਦੀ ਬਹੁਤ ਸਾਰੀ ਬਾਣੀ ਮਿਲਦੀ ਹੈ? ਸਾਦਗੀ ਅਤੇ ਰਵਾਨਗੀ ਜਿਥੇ ਆਪ ਜੀ ਦੀ ਸਮੁੱਚੀ ਬਾਣੀ ਦਾ ਮੀਰੀ ਗੁਣ ਹੈ ਉਥੇ ਮਾਨਵ-ਧਰਮ ਦਾ ਪ੍ਰਚਾਰ ਤੇ ਸਮਾਜਿਕ ਸਮਾਨਤਾ ਇਸ ਦਾ ਮੂਲ ਉਦੇਸ਼ ਹੈ? ਕੁਲਦੀਪ ਸਿੰਘ ਹਹੁਰਾ ਲਿਖਦੇ ਹਨ ਕਿ ਆਪ ਜੀ ਦੀ ਬਾਣੀ ਨੇ ਦਲਿਤ-ਜਾਤੀ ਦੇ ਮਨ ਵਿਚ ਇਕ ਚੇਤਨਾ ਪੈਦਾ ਕੀਤੀ, ਜਾਗ੍ਰਤੀ ਲਈ ਚਿਣਗ ਸੁੱਟੀ ਅਤੇ ਪਛੜੇ ਤੇ ਲਿਤਾੜੇ ਹੋਏ ਲੋਕਾਂ ਨੂੰ ਜਥੇਬੰਦ ਕਰਨ ਲਈ ਉਪਰਾਲੇ ਛੋਹੇ। ਜਿੱਥੇ ਆਪ ਜੀ ਨੇ ਲੋਕਾਂ ਅੰਦਰ ਪ੍ਰਭੂ-ਭਗਤੀ ਦੀ ਲਗਨ ਪੈਦਾ ਕੀਤੀ, ਉਥੇ ਮਨੁੱਖੀ-ਸਮਾਨਤਾਵਾਂ ਵਾਲੀ ਸੁਰ ਵੀ ਉੱਚੀ ਕੀਤੀ?[6] ਉਨ੍ਹਾਂ ਦੀ ਸਮੁੱਚੀ ਬਾਣੀ ਦਾ ਅਧਿਐਨ ਕੀਤਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸੱਤਾਵਾਨ ਧਿਰ ਵੱਲੋਂ ਲਤਾੜੇ/ਦਰੜੇ ਜਾ ਰਹੇ ਲੋਕਾਂ ਦੇ ਜੀਵਨ ਨੂੰ ਜਿਊਣ ਯੋਗ ਬਣਾਉਣ ਲਈ ਇਹ ਬਾਣੀ ਸਮਾਜਕ ਮੁਕਤੀ, ਕ੍ਰਾਂਤੀ ਅਤੇ ਸੰਘਰਸ਼ ਨੂੰ ਕੇਂਦਰੀ ਸੂਤਰਾਂ ਵਜੋਂ ਸੰਚਾਰਦੀ ਹੋਈ ਮਨੁੱਖ ਨੂੰ ਨਿਰਭਉ ਤੇ ਨਿਰਵੈਰ ਬਣਾਉਂਦੀ ਹੈ?

ਭਗਤ ਰਵਿਦਾਸ ਜੀ ਅਧਿਆਤਮਿਕਤਾ ਦੀਆਂ ਸਿਖਰਾਂ 'ਤੇ ਵਿਚਰਨ ਵਾਲੇ ਭਗਤ ਹੋਣ ਕਰਕੇ ਜਿਥੇ ਅਧਿਆਤਮਿਕ

ਵਿਚਾਰਧਾਰਾ ਦੇ ਅੰਤਰਗਤ ਮਨੁੱਖ ਦੀ ਅਧਿਆਤਮਿਕ ਅਗਵਾਈ ਕਰਦੇ ਹਨ, ਉੱਥੇ ਸਮਾਜਿਕ ਚਿੰਤਕ ਹੋਣ ਕਰਕੇ ਮਨੁੱਖ ਦੇ ਸਮਾਜਿਕ ਉਧਾਰ ਲਈ ਸਮਾਜਿਕ ਸਮੱਸਿਆਵਾਂ/ ਕੁਰੀਤੀਆਂ ਦਾ ਵਿਰੋਧ ਕਰਨ ਹਿਤ ਸਮਾਜਿਕ-ਵਿਚਾਰਧਾਰਾ ਦੇ ਪੈਂਤੜੇ ਤੋਂ ਵੀ ਮੁਖ਼ਾਤਿਬ ਹੁੰਦੇ ਹਨ? ਅਸਲ ਵਿਚ "ਉਨ੍ਹਾਂ ਦਾ ਪਰਮ ਉਦੇਸ਼ ਮਨੁੱਖਤਾ ਦਾ ਕਲਿਆਣ ਕਰਨਾ ਸੀ, ਇਸ ਲਈ ਉਨ੍ਹਾਂ ਨੇ ਜਿਨ੍ਹਾਂ ਜੀਵਨ-ਮੁੱਲਾਂ ਉੱਤੇ ਬਲ ਦਿੱਤਾ, ਉਹ ਅਸਲ ਵਿਚ ਮਾਨਵ-ਧਰਮ ਦੀ ਸਥਾਪਨਾ ਕਰਨ ਵਾਲੇ ਹਨ? ਪ੍ਰਭੂ ਭਗਤੀ ਦੇ ਆਵੇਸ਼ ਵਿਚ ਉਨ੍ਹਾਂ ਦੇ ਧੁਰ ਅੰਦਰੋਂ ਜੋ ਸਵਰ ਨਿਕਲਿਆ, ਉਸ ਨੇ ਜਿਗਿਆਸੂਆਂ ਨੂੰ ਕੀਲ ਲਿਆ, ਉਨ੍ਹਾਂ ਜੀਵਨ ਦੇ ਧਾਰਮਿਕ ਅਤੇ ਸਮਾਜਿਕ ਵਿਵਹਾਰ ਨੂੰ ਬਦਲ ਦਿੱਤਾ?"[7] ਇਉਂ ਮਨੁੱਖ ਦੇ ਧਾਰਮਿਕ ਅਤੇ ਸਮਾਜਿਕ ਵਿਵਹਾਰ ਵਿਚ ਆਏ ਪਰਿਵਰਤਨਾਂ ਨੂੰ ਭਗਤ ਰਵਿਦਾਸ ਜੀ ਦੇ ਵਿਚਾਰਧਾਰਕ ਸਰੋਕਾਰਾਂ ਦੀ ਲੋਅ ਵਿਚ ਵਧੇਰੀ ਪੁਖ਼ਤਗੀ ਨਾਲ ਸਮਝਿਆ ਜਾ ਸਕਦਾ ਹੈ?

ਭਗਤ ਰਵਿਦਾਸ ਜੀ ਦੀ ਬਾਣੀ ਵਿਚੋਂ ਇਹ ਵਿਚਾਰ ਸਪੱਸ਼ਟ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਪਰਮਾਤਮਾ ਸਰਬ-ਵਿਆਪਕ ਹੈ ਤੇ ਉਹ ਘਟ-ਘਟ ਵਿਚ ਵਸਦਾ ਹੈ? ਉਹ ਸਾਰੀ ਕਾਇਨਾਤ ਦਾ ਨਾ-ਕੇਵਲ ਸਿਰਜਣਹਾਰ ਹੈ ਸਗੋਂ ਪਾਲਕ ਵੀ ਹੈ। ਉਹ ਸਰਬ-ਸਮਰੱਥ ਹੋਣ ਕਰਕੇ ਨੀਵਿਆਂ ਨੂੰ ਉੱਚੇ ਤੇ ਛੋਟਿਆਂ ਨੂੰ ਵੱਡੇ ਕਰ ਸਕਦਾ ਹੈ? ਉਹ ਕਿਸੇ ਨਾਲ ਵੈਰ-ਵਿਰੋਧ ਨਹੀਂ ਕਰਦਾ ਸਗੋਂ ਸਭ ਉੱਪਰ ਆਪਣੀ ਅਪਾਰ ਕ੍ਰਿਪਾ ਬਣਾਈ ਰੱਖਦਾ ਹੈ? ਅਸਲ ਵਿੱਚ ਆਪ ਜੀ ਦੀ ਬਾਣੀ ਭਾਰਤੀ ਸਮਾਜ ਦੀ ਜਾਤ ਅਧਾਰਿਤ ਚੀੜ੍ਹੀ ਵਰਨ ਵਿਵਸਥਾ ਨੂੰ ਸਿਰਜਣ ਵਾਲੀ ਧਿਰ ਵੱਲੋਂ ਘੜੀਆਂ ਮਿੱਥਾਂ ਦਾ ਖੰਡਨ ਕਰਦੀ ਹੈ? ਭਾਰਤੀ ਵਰਣ ਵਿਵਸਥਾ ਦੇ ਅੰਤਰਗਤ ਪੁਜਾਰੀ ਤੇ ਪ੍ਰੋਹਿਤ ਵਰਗ ਵੱਲੋਂ ਇਹ ਪ੍ਰਚਾਰਿਆ ਤੇ ਪਸਾਰਿਆ ਗਿਆ ਹੈ ਕਿ ਪ੍ਰਮਾਤਮਾ ਦੀ ਭਗਤੀ ਸਿਰਫ਼ ਉੱਚ ਜਾਤੀ ਜਾਂ ਵਰਨ ਵਾਲੇ ਹੀ ਕਰ ਸਕਦੇ ਹਨ? ਨੀਵੀਆਂ ਜਾਤਾਂ ਜਾਂ ਵਰਨ ਵਾਲੇ ਲੋਕਾਂ ਵੱਲੋਂ ਕੀਤੀ ਜਾਂਦੀ ਪ੍ਰਭੂ ਭਗਤੀ ਨੂੰ ਪ੍ਰਭੂ ਸਵੀਕਾਰ ਨਹੀਂ ਕਰਦਾ? ਭਗਤ ਰਵਿਦਾਸ ਜੀ ਇਨ੍ਹਾਂ ਮਿੱਥਾਂ ਦਾ ਭੰਜਨ ਕਰਦੇ ਹੋਏ ਕਹਿੰਦੇ ਹਨ ਕਿ ਨੀਵੇਂ, ਨੀਚ, ਗ਼ਰੀਬ, ਨੀਵੀਂ-ਜਾਤੀ ਵਾਲੇ ਜਦੋਂ ਪ੍ਰਭੂ ਭਗਤੀ ਵਿੱਚ ਲੀਨ ਹੋ ਜਾਂਦੇ ਹਨ ਤਾਂ ਪਰਮਾਤਮਾ ਉਨ੍ਹਾਂ ਨਾਲ ਕੋਈ ਭੇਦ-ਭਾਵ ਨਹੀਂ ਕਰਦਾ ਸਗੋਂ ਉਨ੍ਹਾਂ ਨੂੰ ਰਾਜੇ ਬਣਾ ਦਿੰਦਾ ਹੈ :

> ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
> ਗਰੀਬ ਨਿਵਾਜੁ ਗੁਸਈਆ ਮੇਰਾ, ਮਾਥੈ ਛਤ੍ਰੁ ਧਰੈ॥1॥
> ਰਹਾਉ॥
> ਜਾ ਕੀ ਛੋਤਿ ਜਗਤ ਕਉ ਲਾਗੈ, ਤਾ ਪਰ ਤੁਂਹੀ ਢਰੈ॥
> ਨੀਚਹੁ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ॥1॥

ਸਪੱਸ਼ਟ ਹੈ, ਭਗਤ ਰਵਿਦਾਸ ਜੀ ਹਾਸ਼ੀਏ 'ਤੇ ਧੱਕੀ ਹੋਈ ਲੁਕਾਈ ਨੂੰ ਚੇਤਨ ਕਰਦੇ ਹਨ ਕਿ ਕੋਈ ਵੀ ਮਨੁੱਖ ਆਪਣੇ ਕਿੱਤੇ ਜਾਂ ਜਾਤ ਕਰਕੇ ਨੀਵਾਂ ਜਾਂ ਨੀਚ ਨਹੀਂ ਹੁੰਦਾ? ਨੀਵੀਂ ਜਾਤ ਜਾਂ ਵਰਗ ਵਿਚ ਪੈਦਾ ਹੋਏ ਮਨੁੱਖ ਪਰਮਾਤਮਾ ਦੀ ਨਜ਼ਰ ਵਿੱਚ ਉਨ੍ਹੇ ਹੀ ਚੰਗੇ ਹਨ ਜਿੰਨੇ ਤਥਾ ਕਥਿਤ ਉੱਚੀ ਜਾਤ ਜਾਂ ਵਰਨ ਵਿੱਚ ਪੈਦਾ ਹੋਏ ਮਨੁੱਖ ਹਨ? ਪ੍ਰਮਾਤਮਾ ਤਾਂ ਹਰ ਜੀਵ ਵਿਚ ਵਸਦਾ ਹੈ ਤੇ ਜੋ ਮਨੁੱਖ ਉਸ ਦੀ ਅਰਾਧਨਾ ਸੱਚੇ ਮਨੋ ਕਰਦਾ ਹੈ, ਉਹ ਆਪ ਹੀ ਭਵਸਾਗਰ ਨੂੰ ਨਹੀਂ ਤਰਦਾ ਸਗੋਂ ਉਹ ਆਪਣੀ ਕੁਲ ਨੂੰ ਵੀ ਤਾਰ ਦਿੰਦਾ ਹੈ :

> ਬ੍ਰਹਮਨ ਬੈਸ ਸੂਦ ਅਰੁ ਖ੍ਯ੍ਯਤ੍ਰੀ
> ਡੋਮ ਚੰਡਾਰ ਮਲੇਛ ਮਨ ਸੋਇ॥
> ਹੋਇ ਪੁਨੀਤ ਭਗਵੰਤ ਭਜਨ ਤੇ
> ਆਪ ਤਰਿ ਤਾਰੇ ਕੁਲ ਦੋਇ॥1॥

ਜ਼ਾਹਿਰ ਹੈ, ਭਗਤ ਰਵਿਦਾਸ ਜੀ ਆਮ ਲੁਕਾਈ ਨੂੰ ਪੁਜਾਰੀ ਤੇ ਪ੍ਰੋਹਿਤ ਵਰਗ ਵੱਲੋਂ ਫੈਲਾਏ ਅੰਧ-ਵਿਸ਼ਵਾਸ਼ ਦੇ ਭਰਮਜਾਲ ਵਿਚੋਂ ਨਿਕਲਣ ਲਈ ਸੁਚੇਤ ਕਰਦੇ ਹਨ? ਉਨ੍ਹਾਂ ਦੀ ਧਾਰਨਾ ਹੈ ਕਿ ਪ੍ਰਮਾਤਮਾ ਦੀ ਅਰਾਧਨਾ ਕਰਨ ਲਈ ਕਿਸੇ ਕਰਮਕਾਂਡ ਦੀ ਜ਼ਰੂਰਤ ਨਹੀਂ ਹੁੰਦੀ ਸਗੋਂ ਮਨ ਦੀ ਪਵਿੱਤਰਤਾ ਦੀ ਜ਼ਰੂਰਤ ਹੁੰਦੀ ਹੈ ਭਗਤ ਜੀ ਪੁਜਾਰੀ ਵਰਗ ਵੱਲੋਂ ਨਿਭਾਈ ਜਾਂਦੀ ਕਰਮ-ਕਾਂਡੀ ਪੂਜਾ ਵਿਧੀ ਦਾ ਖੰਡਨ ਕਰਦੇ ਹਨ? ਇਸ ਪੂਜਾ-ਵਿਧੀ ਦੇ ਅੰਤਰਗਤ ਮੂਰਤੀਆਂ/ਠਾਕਰਾਂ ਨੂੰ ਦੁੱਧ ਨਾਲ ਇਸ਼ਨਾਨ ਕਰਾਉਣੇ, ਫੁੱਲ ਚੜ੍ਹਾਉਣੇ, ਪ੍ਰਸ਼ਾਦ ਚੜ੍ਹਾਉਣਾ, ਮੂਰਤੀਆਂ ਦਾ ਸ਼ਿੰਗਾਰ ਕਰਨਾ, ਧੂਫ਼ ਧੁਖਾਉਣਾ, ਆਰਤੀ ਉਤਾਰਣੀ, ਮੱਥਾ ਟੇਕਣਾ ਆਦਿ ਨੂੰ ਭਗਤ ਰਵਿਦਾਸ ਜੀ ਨਿਰਾਰਥਕ ਕਹਿੰਦੇ ਹਨ? ਉਨ੍ਹਾਂ ਦਾ ਮੰਨਣਾ ਹੈ ਕਿ ਦਾਨ, ਯੱਗ, ਦੇਵ-ਪੂਜਾ, ਅਵਤਾਰ-ਭਗਤੀ, ਤੀਰਥ-ਇਸ਼ਨਾਨ ਆਦਿ ਨਾਲ ਪ੍ਰਭੂ ਦੇ ਨੇੜੇ ਨਹੀਂ ਹੋਇਆ ਜਾ ਸਕਦਾ ਸਗੋਂ ਪ੍ਰਭੂ ਦੇ ਨੇੜੇ ਜਾਣ ਅਤੇ ਜੀਵਨ ਨੂੰ ਸਾਰਥਕ ਬਣਾਉਣ ਲਈ ਸੰਸਾਰਕ ਵਸਤੂਆਂ ਦੀ ਪਵਿੱਤਰਤਾ ਦੀ ਬਜਾਏ ਮਨ ਨੂੰ ਪਵਿੱਤਰ ਰੱਖਣਾ ਲਾਜ਼ਮੀ ਹੁੰਦਾ ਹੈ? ਇਸ ਲਈ ਭਗਤ ਰਵਿਦਾਸ ਜੀ ਪੁਜਾਰੀ ਤੇ ਪ੍ਰੋਹਿਤ ਵਰਗ ਵੱਲੋਂ ਪ੍ਰਭੂ ਦੀ ਭਗਤੀ ਲਈ ਕੀਤੇ ਜਾਂਦੇ ਕਰਮ-ਕਾਂਡ ਤੇ ਧਾਰਮਿਕ ਅਡੰਬਰ ਨੂੰ ਸਿੱਧੀ ਚੁਣੌਤੀ ਦਿੰਦੇ ਹੋਏ ਉਚਾਰਦੇ ਹਨ :

> ਦੂਧੁ ਤ ਬਛਰੈ ਥਨਹੁ ਬਿਟਾਰਿਓ॥
> ਫੂਲੁ ਭਵਰਿ ਜਲ ਮੀਨਿ ਬਿਗਾਰਿਓ॥ 1॥
> ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
> ਅਵਰੁ ਨ ਫੂਲੁ ਅਨੂਪੁ ਨ ਪਾਵਉ॥1॥ ਰਹਾਉ॥
> ਮੈਲਾਗਰ ਬੇਰ੍ਹੇ ਹੈ ਭੁਇਅੰਗਾ॥
> ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥ 2॥
> ਧੂਪ ਦੀਪ ਨਈ ਬੇਦਹਿ ਬਾਸਾ॥
> ਕੈਸੇ ਪੂਜ ਕਰਹਿ ਤੇਰੀ ਦਾਸਾ॥3॥

ਭਗਤ ਰਵਿਦਾਸ ਜੀ ਸਪੱਸ਼ਟ ਕਰਦੇ ਹਨ ਕਿ ਪ੍ਰਭੂ-ਭਗਤੀ ਲਈ ਮਨੁੱਖ ਦੇ ਪਵਿੱਤਰ ਹਿਰਦੇ ਤੋਂ ਬਿਨ੍ਹਾਂ ਸੰਸਾਰ ਦੀ ਕੋਈ ਵਸਤੂ ਪਵਿੱਤਰ ਨਹੀਂ ਹੋ ਸਕਦੀ ਤੇ ਇਹ ਪਵਿੱਤਰ ਹਿਰਦੇ ਦਾ ਵਾਸਾ ਹਰ ਮਨੁੱਖ ਦੇ ਅੰਦਰ ਹੋ ਸਕਦਾ ਹੈ ਪ੍ਰੰਤੂ ਸ਼ਰਤ ਇਹ ਹੈ ਕਿ ਉਹ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਜਿਹੇ ਵਿਕਾਰਾਂ ਨੂੰ ਮਨਫ਼ੀ ਕਰ ਦੇਵੇ? ਇਹਨਾਂ ਵਿਕਾਰਾਂ ਤੋਂ ਰਹਿਤ ਹਿਰਦਾ ਜਦੋਂ ਪ੍ਰਭੂ ਪ੍ਰੇਮ ਵਿਚ ਲਬਰੇਜ਼ ਹੁੰਦਾ ਹੈ ਤਾਂ ਸਾਧਕ ਅਜਿਹੀ ਵਿਸਮਾਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ ਜਿਸ ਨੂੰ ਭਗਤ ਰਵਿਦਾਸ ਜੀ ਬੇਗਮਪੁਰਾ ਦੇ ਨਾਂ ਨਾਲ ਲਖਸ਼ਿਤ ਕਰਦੇ ਹਨ? ਇਹ ਬੇਗਮਪੁਰਾ ਅਧਿਆਤਮਿਕਤਾ ਦੇ ਸਿਖਰ ਅਤੇ ਹਰ ਤਰ੍ਹਾਂ ਦੀ ਸਮਾਜ-ਸਭਿਆਚਾਰਕ ਸਮਾਨਤਾ ਵਾਲੇ ਆਦਰਸ਼ਕ-ਸਮਾਜ ਦਾ ਮਾਡਲ ਹੈ, ਜਿਸ ਵਿਚ ਬੰਦਾ ਸੁਤੰਤਰਤਾ ਨਾਲ ਵਿਚਰੇ, ਦੁੱਖ-ਦਰਦ ਸਭ ਦੇ ਸਾਂਝੇ ਹੋਣ, ਸੱਭ ਮਨੁੱਖ ਬਰਾਬਰ ਹੋਣ, ਉੱਚ-ਨੀਚ, ਅਮੀਰ-ਗ਼ਰੀਬ ਦਾ ਕੋਈ ਭੇਦ ਨਾ ਹੋਵੇ, ਕੋਈ ਲੋਭ-ਲਾਲਚ ਨਾ ਹੋਵੇ, ਕੋਈ ਭੁੱਖਾ ਨਾ ਸੌਂਵੇ, ਸਭ ਰੱਜੇ ਹੋਣ ਤੇ ਜਿਥੇ ਸਾਰੀ ਲੋਕਾਈ ਆਪਸੀ ਪਿਆਰ ਤੇ ਸਹਿਚਾਰ ਨਾਲ ਜੀਵਨ ਬਸਰ ਕਰੇ? ਇਸ ਆਦਰਸ਼ਕ ਸਮਾਜ ਦੇ ਅਧਾਰ ਸੂਤਰਾਂ ਨੂੰ ਭਗਤ ਰਵਿਦਾਸ ਜੀ ਇਉਂ ਪ੍ਰਸਤੁਤ ਕਰਦੇ ਹਨ :

> ਬੇਗਮ ਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ
> ਠਾਉ॥

(ਬਾਕੀ ਪੰਨਾ 102 'ਤੇ)

ਗਲੋਚ, ਵੱਢ ਟੁੱਕ, ਭੈੜੀ ਆਸ਼ਕੀ, ਅਸਲੇ ਦੀ ਦੁਰਵਰਤੋਂ, ਨੰਗੇਜਪੁਣਾ, ਅਸ਼ਲੀਲਤਾ ਆਦਿ ਹੋ ਗਏ ਹਨ। ਲਖ਼ ਲਾਅਨਤ ਹੈ ਸਾਡੀ ਪੰਜਾਬੀ ਗਾਇਕੀ ਉੱਪਰ। ਕਿਤੇ ਨਾ ਕਿਤੇ ਇਸ ਤਰ੍ਹਾਂ ਦੀ ਗਾਇਕੀ ਸਾਡੇ ਸੱਭਿਆਚਾਰ ਨੂੰ ਗੰਧਲਾ ਕਰ ਰਹੀ ਹੈ। ਨੌਜਵਾਨਾਂ ਦਾ ਇਹਨਾਂ ਗੰਧਲੇ ਗੀਤਾਂ ਨੂੰ ਸੁਣ-ਸੁਣ ਕੇ ਧੀ-ਭੈਣ ਦੇ ਰਿਸ਼ਤਿਆਂ ਵਿਚਲਾ ਮੋਹ ਪਿਆਰ ਖਤਮ ਹੁੰਦਾ ਜਾ ਰਿਹਾ ਹੈ। ਅਸਲ ਵਿਚ ਗਾਇਕੀ ਉਹ ਹੁੰਦੀ ਹੈ ਜਿਸ ਨੂੰ ਸਮੂਹਕ ਤੌਰ ਤੇ ਬੈਠ ਕੇ ਸੁਣਿਆ ਜਾ ਸਕੇ ਪਸੰਦ ਕੀਤਾ ਜਾ ਸਕੇ ਨਾ ਕੀ ਉਸ ਵਿਚ ਲੱਚਰਤਾ ਅਤੇ ਭੜਕੀਲਾਪਣ ਹੋਵੇ। ਪਰ ਅਫਸੋਸ ਦੀ ਗੱਲ ਹੈ ਕਿ ਪੰਜਾਬ ਵਿਚ ਵੱਸਦੇ ਬਹੁਤੇ ਲੋਕ ਇਸ ਤਰ੍ਹਾਂ ਦੀ ਗਾਇਕੀ ਨੂੰ ਨਾ ਕਰਦੇ ਹੋਏ ਭੜਕੀਲੇ ਅਤੇ ਲੱਚਰ ਗਾਇਕੀ ਨੂੰ ਪਹਿਲ ਦੇ ਰਹੇ ਹਨ। ਕਿਤੇ ਨਾ ਕਿਤੇ ਮੈਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਇਟਾਲਿਅਨ ਵਿਗਿਆਨੀ ਅਨਤੋਨਿਓ ਗ੍ਰਾਮਸ਼ੀ ਦੀ ਥਿਓਰੀ ਸਭਿਆਚਾਰਕ ਦਾਬਾ (Cultural Hegemony) ਪੰਜਾਬੀ ਗਾਇਕੀ ਅਤੇ ਸੱਭਿਆਚਾਰ ਉੱਪਰ ਪੂਰੀ ਤਰ੍ਹਾਂ ਢੁੱਕਦੀ ਹੈ। ਕਿਉਂਕੀ ਸਰਕਾਰਾਂ ਅਤੇ ਏਜੰਸੀਆਂ ਜੋ ਸੋਚ ਰਹੀਆਂ ਹਨ ਸਾਨੂੰ ਲੱਗਦਾ ਹੈ ਉਹ ਸਭ ਸਹੀ ਹੋ ਰਿਹਾ ਹੈ। ਅਸੀ ਕਿਸੇ ਗਲੋਂ ਬਗਾਵਤ ਕਰਨਾ ਚਾਹੁੰਦੇ ਹੀ ਨਹੀਂ। ਇਸੇ ਤਰ੍ਹਾਂ ਪੰਜਾਬੀ ਗਾਇਕੀ ਅੰਦਰ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਸ਼ਰੇਆਮ ਨਜ਼ਰ ਆ ਰਿਹਾ ਹੈ। ਪੰਜਾਬੀ ਗੀਤਾਂ ਅੰਦਰ ਅਨੇਕਾਂ ਅੰਗਰੇਜ਼ੀ ਧੁਨਾਂ ਦੇ ਬੋਲ ਅਪਣਾਏ ਜਾ ਰਹੇ ਹਨ ਅਤੇ ਅਸੀ ਬਿਨ੍ਹਾਂ ਕੁੱਝ ਵਿਚਾਰੇ ਇਹਨਾਂ ਭੜਕੀਲੇ ਅਤੇ ਲੱਚਰ ਗੀਤਾਂ ਦੀਆਂ ਧੁਨਾਂ ਅੰਦਰ ਮਸਤ ਹੋ ਕੇ ਨੱਚਦੇ ਜਾ ਰਹੇ ਹਾਂ। ਜੇਕਰ ਅਸੀ ਮਨੋਰੰਜਨ ਦੇ ਨਾਂ ਤੇ ਇਹੋ ਜਿਹੀਆਂ ਘਟਨਾਵਾਂ ਦੀ ਵਕਾਲਤ ਕਰਦੇ ਰਹਾਂਗੇ, ਤਾਂ ਅਰਥ ਇਹ ਨਿਕਲੇਗਾ ਕਿ ਅਸੀ ਪੰਜਾਬ ਦੇ 'ਚੰਗੇ' ਦੇ ਉਲਟ ਹਾਂ ਅਸੀ ਚਾਹੁੰਦੇ ਨਹੀਂ ਕਿ ਇੱਥੇ ਅਮਨ ਅਤੇ ਸ਼ਾਂਤੀ ਹੋਵੇ, ਅਸੀ ਚਾਹੁ?ਦੇ ਹੀ ਨਹੀਂ ਕਿ ਭਾਈਚਾਰਕ ਏਕਤਾ ਬਰਕਰਾਰ ਰਹੇ।

ਤਰੱਕੀ ਹਰ ਸਮਾਜ ਲਈ ਜ਼ਰੂਰੀ ਹੁੰਦੀ ਹੈ। ਸਾਨੂੰ ਦੁਨੀਆ ਦੇ ਨਾਲ ਕਦਮ ਮਿਲਾ ਕੇ ਚੱਲਣਾ ਹੀ ਪਵੇਗਾ ਪਰ ਨਾਲ ਹੀ ਆਪਣਾ ਸੱਭਿਆਚਾਰ ਸੰਭਾਲ ਕੇ ਰੱਖਣਾ ਵੀ ਜ਼ਰੂਰੀ ਹੈ। ਸਾਨੂੰ ਬਿਗਾਨੇ ਸੱਭਿਆਚਾਰ ਪਿੱਛੇ ਲੱਗ ਕੇ ਆਪਣੇ ਸੱਭਿਆਚਾਰ ਨੂੰ ਭੁੱਲਣਾ ਨਹੀਂ ਚਾਹੀਦਾ।

### ਹਵਾਲੇ ਅਤੇ ਟਿਪਣੀਆਂ


1. ਸਾਡਾ ਵਿਰਸਾ ਸਭਿਆਚਾਰ ਅਤੇ ਸਿਹਤ, ਡਾ. ਇੰਦਰਜੀਤ ਕੌਰ
2. ਪੰਜਾਬੀ ਗਾਇਕੀ : ਵਿਭਿੰਨ ਪਾਸਾਰ, ਡਾ. ਹਰਿੰਦਰ ਕੌਰ ਸੋਹਲ
3. ਪੰਜਾਬੀ ਗੀਤਾਂ ਦਾ ਸਭਿਆਚਾਰਕ ਪਰਿਪੇਖ, ਡਾ. ਜਗਤਾਰ ਸਿੰਘ ਵਿਰਕ
4. ਗੀਤ ਸਿਧਾਂਤਿਕ ਅਤੇ ਵਿਹਾਰਿਕ ਪ੍ਰਸੰਗ, ਪਰਵਿੰਦਰ ਸਿੰਘ



*ਮੋਬਾ. 7837240402*



*(ਪੰਨਾ 96 ਦਾ ਬਾਕੀ)*


ਨਾ ਤਸਵੀਸ ਖਿਰਾਜ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥2॥
ਅਬਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥2॥ ਰਹਾਉ॥

ਸਪੱਸ਼ਟ ਹੈ, ਭਗਤ ਰਵਿਦਾਸ ਜੀ ਅਗਾਂਹ ਵਧੂ ਵਿਚਾਰਧਾਰਾ ਨਾਲ ਪ੍ਰਣਾਏ ਹੋਏ ਸਾਧਕ ਤੇ ਸਮਾਜ ਸੁਧਾਰਕ ਹਨ? ਇਸੇ ਕਰਕੇ ਉਹ ਅਜਿਹੇ ਸਮਾਜ ਦੀ ਸਿਰਜਣਾ ਦੀ ਕਾਮਨਾ ਕਰਦੇ ਹਨ ਜਿਸ ਵਿੱਚ ਮਨੁੱਖਤਾ ਬਿਨ੍ਹਾਂ ਕਿਸੇ ਗ਼ਮ ਤੇ ਕਸ਼ਟ ਦੇ ਖੁਸ਼ਹਾਲ ਜੀਵਨ ਬਸਰ ਕਰ ਸਕੇ? ਉਹ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਬੇਗਮਪੁਰਾ ਦੇ ਰੂਪ ਵਿਚ ਆਦਰਸ਼ ਸਮਾਜ ਵਿਚ ਆਮ ਲੋਕਾਂ ਦਾ ਜੀਵਨ ਤਾਂ ਹੀ ਖੁਸ਼ਹਾਲ ਹੋ ਸਕਦਾ ਹੈ ਜੇ ਸਮਾਜਿਕ-ਪ੍ਰਬੰਧ ਚਲਾਉਣ ਵਾਲੀ ਧਿਰ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ ਲਈ ਵਚਨਬੱਧ ਹੋਵੇਗੀ? ਇਮਾਨਦਾਰੀ ਦੇ ਅਧਾਰ ਤੇ ਉਸਰੇ ਰਾਜ-ਪ੍ਰਬੰਧ ਵਿੱਚ ਕੋਈ ਮਨੁੱਖ ਭੁੱਖਾ ਸੌਣ ਲਈ ਮਜਬੂਰ ਨਹੀਂ ਹੋਵੇਗਾ ਤੇ ਸਾਰੀ ਮਨੁੱਖਤਾ ਆਪਸੀ ਪਿਆਰ ਤੇ ਸਤਿਕਾਰ ਨਾਲ ਰਹਿੰਦੀ ਹੋਈ ਖੁਸ਼ਹਾਲ ਜੀਵਨ ਜਿਉਣ ਦੇ ਰਾਹ ਪਵੇਗੀ :

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ॥
ਛੋਟ-ਬੜੇ ਸਭ ਸਮ ਬਸੇ, ਰਵਿਦਾਸ ਰਹੇ ਪ੍ਰਸੰਨ॥

ਇਉਂ ਭਗਤ ਰਵਿਦਾਸ ਜੀ ਆਪਣੇ ਜੀਵਨ ਵਿੱਚ ਜਿੱਥੇ ਪ੍ਰਭੂ ਭਗਤੀ ਦੇ ਸਿਖਰ ਤੱਕ ਦੀ ਅਧਿਆਤਮਕ ਅਵਸਥਾ ਤਕ ਰਸਾਈ ਕਰਦੇ ਹਨ ਉਥੇ ਸਮਾਜ ਸੁਧਾਰ ਦੇ ਵਿਚਾਰਧਾਰਕ ਪੈਂਤੜੇ ਤੋਂ ਸਮਾਜਿਕ ਬੁਰਾਈਆਂ ਤੇ ਕੁਰੀਤੀਆਂ ਨੂੰ ਸ਼ਹਿ ਦੇਣ ਵਾਲੀ ਧਿਰ ਨੂੰ ਸਿੱਧੀ ਚੁਣੌਤੀ ਦਿੰਦੇ ਹਨ? ਉਹ ਆਪਣੀ ਸਮੁੱਚੀ ਬਾਣੀ ਵਿੱਚ ਨਿਰਗੁਣ ਪ੍ਰਭੂ ਦੀ ਅਰਾਧਨਾ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ ਪ੍ਰਮਾਤਮਾ ਦਾ ਹਰ ਜੀਵ ਦੇ ਹਿਰਦੇ ਵਿੱਚ ਵਾਸਾ ਹੈ ਤੇ ਉਹ ਬਿਨ੍ਹਾਂ ਕਿਸੇ ਭੇਦ-ਭਾਵ ਦੇ ਮਨੁੱਖਤਾ ਦਾ ਪਾਲਣਹਾਰ ਹੈ? ਉਹ ਇਹ ਵੀ ਦ੍ਰਿੜ ਕਰਵਾਉਂਦੇ ਹਨ ਕਿ ਮਨੁੱਖ ਆਪਣੇ ਕਿੱਤੇ ਕਰਕੇ ਉਚ ਜਾਂ ਨੀਚ ਨਹੀਂ ਹੁੰਦਾ ਸਗੋਂ ਆਪਣੀ ਸੋਚ ਕਰਕੇ ਹੁੰਦਾ ਹੈ?

ਜਦੋਂ ਮਨੁੱਖ ਦੀ ਸੋਚ ਉੱਚੀ ਹੋ ਜਾਂਦੀ ਹੈ ਤਾਂ ਅਜਿਹੇ ਸਮਾਜ ਦੀ ਸਿਰਜਣਾ ਦਾ ਰਾਹ ਖੁਲ੍ਹ ਜਾਂਦਾ ਹੈ ਜਿਸ ਵਿਚ ਉਚ-ਨੀਚ, ਛੂਆ-ਛੂਤ, ਜਾਤ-ਪਾਤ, ਅਮੀਰ-ਗ਼ਰੀਬ ਜਿਹੇ ਸਭ ਵਿਤਕਰੇ ਤੇ ਬੁਰਾਈਆਂ ਆਪਣੇ ਆਪ ਦਮ ਤੋੜ ਜਾਂਦੇ ਹਨ ਤੇ ਅਜਿਹਾ ਸਮਾਜ ਬੇਗਮਪੁਰਾ ਦੇ ਰੂਪ ਵਿਚ ਵਿਕਸਿਤ ਹੋ ਜਾਂਦਾ ਹੈ?

### ਟਿੱਪਣੀਆਂ ਅਤੇ ਹਵਾਲੇ


1. ਸ. ਕਿਰਪਾਲ ਸਿੰਘ ਚੰਦਨ, ਭਗਤ ਰਵਿਦਾਸ ਜੀ : ਜੀਵਨ ਤੇ ਵਿਚਾਰਧਾਰਾ, ਪੰਨਾ-04
2. ਭਾਈ ਜੋਧ ਸਿੰਘ, ਭਗਤ ਰਵਿਦਾਸ : ਜੀਵਨ ਤੇ ਰਚਨਾ, ਪੰਨਾ-13
3. ਉਦਰਿਤ, ਸ. ਕਿਰਪਾਲ ਸਿੰਘ ਚੰਦਨ, ਉਹੀ, ਪੰਨਾ-07
4. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਦੂਜਾ), ਪੰਨਾ-420
5. ਸ. ਕਿਰਪਾਲ ਸਿੰਘ ਚੰਦਨ, ਉਹੀ, ਪੰਨਾ-13
6. ਪ੍ਰਿੰ. ਕੁਲਦੀਪ ਸਿੰਘ ਹਉਰਾ, ਸਿੱਖ ਫੁਲਵਾੜੀ, ਫਰਵਰੀ 2003, ਪੰਨਾ-15
7. ਡਾ. ਰਤਨ ਸਿੰਘ ਜੱਗੀ, ਉਹੀ, ਪੰਨਾ-414



*ਮੋਬਾ. 9463835412*